# ਜਿਸ ਦੇ ਸਿਰ ਫ਼ਿਕਰਾਂ ਦੀ ਪੰਡ ਹੈ

**ਅਜਮੇਰ ਸਿੱਧੂ**



ਅੱਜ ਕੱਲ੍ਹ ਗਾਇਕੀ ਦਾ ਦੌਰ ਚਲ ਰਿਹਾ ਹੈ। ਚੰਗੀ ਗਾਇਕੀ ਦੇ ਵੀ ਸੱਭਿਆਚਾਰਕ ਮੇਲੇ ਹੋ ਰਹੇ ਹਨ ਤੇ ਮਾੜੀ ਦੇ ਵੀ। ਇਨ੍ਹਾਂ ਸੱਭਿਆਚਾਰਕ ਮੇਲਿਆਂ ਦਾ ਆਪਣਾ ਮਹੱਤਵ ਹੈ। ਇੱਕ ਪੂਰੀ ਦੀ ਪੂਰੀ ਮਾਰਕੀਟ ਹੈ। ਗਾਇਕੀ ਦੇ ਮੰਡੀ ਵਰਤਾਰੇ ਨੇ ਬਹੁਤ ਕੁੱਝ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਉਸ ਲਪੇਟ ਦਾ ਨਤੀਜਾ ਇਹ ਹੈ ਕਿ ਬਹੁਤ ਸਾਰਾ ਅਸੱਭਿਅਕ ਵੀ ਹੋ ਰਿਹਾ ਹੈ। ਭੜਕ ਧੜਕ ਵਧੀ ਹੈ। ਗਾਇਕੀ ਰੁਲੀ ਹੈ। ਪਰ ਹੇਠਲੇ ਪੱਧਰ ਤੇ ਇਸ ਨੂੰ ਬਚਾਉਣ ਦੇ ਨਿੱਕੇ-ਨਿੱਕੇ ਯਤਨ ਵੀ ਹੋ ਰਹੇ ਹਨ। ਪਿੰਡਾਂ ਵਿੱਚ ਧਾਰਮਿਕ ਪ੍ਰੋਗਰਾਮ ਹੋਣ, ਤਰਕਸ਼ੀਲ ਮੇਲੇ ਹੋਣ, ਖੇਡ ਮੇਲੇ ਹੋਣ, ਛਿੰਝ ਮੇਲੇ ਹੋਣ, ਨੌਜਵਾਨ ਸਭਾਵਾਂ, ਮੁਲਾਜ਼ਮ ਜਥੇਬੰਦੀਆਂ ਤੇ ਸਮਾਜਿਕ ਜਥੇਬੰਦੀਆਂ ਦੇ ਸਮਾਗਮ ਹੋਣ, ਇਨ੍ਹਾਂ ਵਿੱਚ ਚੰਗੀ ਗਾਇਕੀ ਸੁਣਨ ਨੂੰ ਮਿਲ ਜਾਂਦੀ ਹੈ। ਜਿਹੜੇ ਲੋਕ ਅਜਿਹੇ ਯਤਨਾਂ ਵਿੱਚ ਲੱਗੇ ਹੋਏ ਹਨ, ਉਨ੍ਹਾਂ ਵਿੱਚ ਮਾਸਟਰ ਬਖਸ਼ੀਸ਼ ਸਿੰਘ ਸੈਂਭੀ ਦਾ ਨਾਂ ਵੀ ਆਉਂਦਾ ਹੈ।

ਰਾਹੋਂ ਕਸਬੇ ਦਾ ਰਹਿਣ ਵਾਲਾ ਇਹ ਨੌਜਵਾਨ ਅਨੇਕਾਂ ਗੁਣਾਂ ਵਾਲਾ ਹੈ। ਉਹਦੇ ਵਿੱਚ ਬਹੁਤ ਸਾਰੀਆਂ ਸੰਭਾਵਨਾਵਾਂ ਹਨ। ਕਿਤੇ ਉਹ ਸੱਭਿਆਚਾਰਕ ਮੇਲਿਆਂ ਦਾ ਪ੍ਰਬੰਧਕ ਹੁੰਦਾ ਹੈ ਤੇ ਕਿਤੇ ਮੰਚ ਸੰਚਾਲਕ। ਉਸ ਨੇ ਨਵੇਂ ਉਭਰਦੇ ਗਾਇਕਾਂ ਨੂੰ ਸਟੇਜਾਂ ਮੁਹੱਈਆਂ ਕੀਤੀਆਂ ਹਨ। ਉਨ੍ਹਾਂ ਨੂੰ ਵੱਧਣ ਫੁੱਲਣ ਦਾ ਮੌਕਾ ਦਿੱਤਾ ਹੈ। ਉਹ ਪੰਜਾਬੀ ਵਿਰਸੇ ਨੂੰ ਸੰਭਾਲਣ ਲਈ ਅਤੇ ਉਸਾਰੂ ਲੀਹਾਂ 'ਤੇ ਲਿਆਉਣ ਦਾ ਹੋਕਾ ਦਿੰਦਾ ਫਿਰਦਾ ਹੈ। ਉਹ ਗਾਇਕਾਂ ਨੂੰ ਸਟੇਜ ਮੁਹੱਈਆ ਕਰਵਾਉਂਦਾ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਜ਼ੁੰਮੇਵਾਰੀ ਵਾਲੀ ਗਾਇਕੀ ਗਾਉਣ ਦਾ ਅਹਿਸਾਸ ਵੀ ਕਰਵਾਉਂਦਾ ਹੈ। ਉਹਦੇ ਅੰਦਰ ਨਰੋਏ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਦਾ ਸੁਪਨਾ ਹੈ। ਉਹਦਾ ਮੰਨਣਾ ਹੈ ਕਿ ਪੰਜਾਬ ਦੀ ਗਾਇਕੀ ਵੀ ਇਸ ਵਿੱਚ ਲੋੜੀਂਦਾ ਯੋਗਦਾਨ ਪਾ ਸਕਦੀ ਹੈ।

ਮਾਸਟਰ ਬਖਸ਼ੀਸ਼ ਸਿੰਘ ਸੈਂਭੀ ਆਜ਼ਾਦੀ ਅੰਦੋਲਨ ਦੇ ਨਾਇਕਾਂ ਦੀ ਸੋਚ 'ਤੇ ਪਹਿਰਾ ਦੇਣ ਲਈ ਵੀ ਪ੍ਰਚਾਰ ਕਰਦਾ ਹੈ। ਇਸ ਕੰਮ ਲਈ ਵੀ ਉਹ ਸਟੇਜ ਦੀ ਦੱਬਕੇ ਵਰਤੋਂ ਕਰਦਾ ਹੈ। ਉਹਨੂੰ ਪੰਜਾਬ ਦੀ ਜਵਾਨੀ ਦੇ ਨਸ਼ਿਆਂ ਵਿੱਚ ਡੁੱਬ ਜਾਣ ਦੀ ਚਿੰਤਾ ਹੈ। ਉਹਨੂੰ ਪੰਜਾਬ ਵਿੱਚ ਵੱਧ ਰਹੇ ਡੇਰਾ ਕਲਚਰ ਦੀ ਵੀ ਚਿੰਤਾ ਹੈ। ਉਹ ਵਹਿਮਾਂ ਭਰਮਾਂ ਨੂੰ ਖਤਮ ਕਰਨ ਦੀ ਮੁਹਿੰਮ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ। ਉਹਨੂੰ ਦੇਸ਼ ਦੀ ਗੰਧਲੀ ਹੋਈ ਜਾ ਰਹੀ ਸਿਆਸਤ ਦਾ ਵੀ ਝੋਰਾ ਹੈ। ਪਰ ਉਹਨੂੰ ਰੋਸ਼ਨੀ ਹੋਣ ਦੀ ਵੀ ਆਸ ਹੈ। ਇਸੇ ਲਈ ਉਹ ਹਨੇਰਿਆਂ ਨਾਲ ਲੜਨ ਵਾਲੇ ਜੁਗਨੂੰਆਂ ਦਾ ਮਦਦਗਾਰ ਹੈ।

ਜਦੋਂ ਉਹ ਪੜ੍ਹ ਕੇ ਹੱਟਿਆ ਤਾਂ ਸਾਇੰਸ ਮਾਸਟਰ ਲੱਗ ਗਿਆ। ਭਾਵੇਂ ਉਹਦਾ ਆਪਣਾ ਰੋਟੀ ਦਾ ਸੰਘਰਸ਼ ਖਤਮ ਹੋ ਗਿਆ ਸੀ। ਪਰ ਉਹਨੂੰ ਆਪਣੇ ਆਲੇ ਦੁਆਲੇ ਦੀ ਵੀ ਚਿੰਤਾ ਸੀ। ਉਦੋਂ ਦੁਆਬਾ ਸੱਭਿਆਚਾਰਕ ਮੰਚ, ਬੰਗਾ ਥਿਏਟਰ ਦੇ ਮੈਦਾਨ ਵਿੱਚ ਸੀ। ਮਾਸਟਰ ਵੀ ਸਮਾਜਿਕ ਤਬਦੀਲੀ ਲਈ ਥਿਏਟਰ ਕਰਨ ਲੱਗਾ। ਫੇਰ ਉਹਨੇ ਆਪਣੇ ਸ਼ਹਿਰ ਵਿੱਚ 'ਅਗਾਂਹ-ਵਧੂ ਲੋਕ ਨਾਟ ਮੰਚ, ਰਾਹੋਂ" ਦਾ ਗਠਨ ਕਰ ਲਿਆ। ਆਪਣੇ ਸਾਥੀਆਂ ਨਾਲ ਰਲ ਕੇ ਨਾਟਕ ਅਤੇ ਕੋਰਿਓਗ੍ਰਾਫੀਆਂ ਕਰਨ ਲੱਗ ਪਿਆ। ਉਨ੍ਹਾਂ ਦੀਆਂ ਮੰਚੀ ਪੇਸ਼ਕਾਰੀਆਂ ਦਰਸ਼ਕਾਂ ਨੂੰ ਝੂਮਣ ਨਹੀਂ ਲਾਉਂਦੀਆਂ ਸਨ, ਸਗੋਂ ਸੋਚਣ ਲਾਉਂਦੀਆਂ ਸਨ। ਸ. ਗੁਰਸ਼ਰਨ ਸਿੰਘ, ਪ੍ਰੋ. ਅਜਮੇਰ ਸਿੰਘ ਔਲਖ ਅਤੇ ਹੋਰ ਨਾਟਕਕਾਰਾਂ ਦੇ ਨਾਟਕ ਉਹ ਲੋਕਾਂ ਵਿੱਚ ਲੈ ਕੇ ਗਏ। ਉਹਨੇ ਛੇ ਸਾਲ ਥਿਏਟਰ ਕੀਤਾ। ਫ਼ੇਰ ਉਸ ਮਜ਼ਬੂਰਨ ਪੈਰ ਪਿੱਛੇ ਖਿੱਚ ਲਏ।

ਉਸ ਤੋਂ ਬਾਅਦ ਉਹ ਆਪ ਰੰਗਕਰਮੀ ਨਾ ਰਿਹਾ। ਪਰ ਥਿਏਟਰ ਕਰਵਾਉਣ ਵਾਲੇ ਪ੍ਰਬੰਧਕਾਂ ਦੀ ਜ਼ੁੰਮੇਵਾਰੀ ਨਿਭਾਉਣ ਲੱਗਾ। ਜਲੰਧਰ ਦੂਰਦਰਸ਼ਨ ਤੋਂ ਵਹਿਮਾਂ-ਭਰਮਾਂ ਅਤੇ ਸਮਾਜਿਕ ਕੁਰੀਤੀਆਂ ਖ਼ਿਲਾਫ਼ ਇਕਬਾਲ ਗੱਜਣ ਦਾ 26 ਕਿਸ਼ਤਾਂ ਵਾਲਾ ਸੀਰੀਅਲ 'ਸ਼ੀਸ਼ਾ' ਆਉਣ ਲੱਗਾ। ਉਹ ਇਸ ਸੀਰੀਅਲ ਦੇ ਪ੍ਰਮੁੱਖ ਪਾਤਰਾਂ ਵਿੱਚ ਦਿਸਣ ਲੱਗਾ। ਇਕਬਾਲ ਗੱਜਣ ਦੀ ਹੀ ਟੈਲੀ ਫਿਲਮ ਵਿਸਾਖੀ 1699 ਤੇ ਅਧਾਰਿਤ 'ਪਰਖ ਦੀ ਘੜੀ' ਰੀਲੀਜ਼ ਹੋਈ। ਉਹ ਇਹਦੇ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਬੈਠਾ ਸੀ।

ਉਹਨੂੰ ਕਈ ਤਰ੍ਹਾਂ ਦੀਆਂ ਚਿੰਤਾਵਾਂ ਵੱਢ-ਵੱਢ ਖਾ ਰਹੀਆਂ ਹਨ। ਉਨ੍ਹਾਂ ਲਈ ਉਸ ਨੇ ਕਈ ਯਤਨ ਆਰੰਭੇ ਹੋਏ ਹਨ। 'ਲੋਕ-ਚੇਤਨਾ ਤੇ ਸੱਭਿਆਚਾਰਕ ਸਮਾਜ ਭਲਾਈ ਮੰਚ' ਰਾਹੀਂ ਉਹ ਤੇ ਉਹਦੇ ਸਾਥੀ ਲੋੜਵੰਦ ਔਰਤਾਂ ਨੂੰ ਸਿਲਾਈ ਮਸ਼ੀਨਾਂ ਦਿੰਦੇ ਹਨ, ਵਿਦਿਅਰਾਥੀਆਂ ਨੂੰ ਬੂਟ ਅਤੇ ਵਰਦੀਆਂ ਦਿੰਦੇ ਹਨ, ਹੋਣਹਾਰ ਵਿਦਿਆਰਥੀਆਂ, ਖਿਡਾਰੀਆਂ ਅਤੇ ਸਖ਼ਸ਼ੀਅਤਾਂ ਦਾ ਸਨਮਾਨ ਕਰਦੇ ਹਨ ਤੇ ਲੜਕੀਆਂ ਦੇ ਵਿਆਹਾਂ 'ਤੇ ਮਦਦ ਕਰਦੇ ਹਨ। ਉਹ ਪੰਜਾਬ ਦੀ ਵਿਦਿਆ ਬਚਾਓਣ ਦਾ ਵੀ ਮੁੱਦਈ ਹੈ। ਇਸ ਦੇ ਲਈ ਉਹ ਜਥੇਬੰਦਕ ਸੰਘਰਸ਼ਾਂ ਵਿੱਚ ਵੀ ਮੋਹਰੀ ਹੈ, ਵਿਦਿਅਰਾਥੀਆਂ ਨੂੰ ਇਮਾਨਦਾਰੀ ਨਾਲ ਪੜ੍ਹਾਈ ਕਰਵਾਉਣ ਲਈ ਪ੍ਰਤੀਬੱਧ ਹੈ, ਖੇਡਾਂ ਅਤੇ ਸਾਇੰਸ ਮੇਲਿਆਂ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਕਰਵਾਉਣ ਅਤੇ ਜੇਤੂ ਹੋਣ ਲਈ ਵੀ ਦ੍ਰਿੜ ਹੈ।

ਮਾਸਟਰ ਬਖਸ਼ੀਸ਼ ਸਿੰਘ ਨੇ ਚੜ੍ਹਦੀ ਉਮਰੇ ਭਲਵਾਨ ਬਣਨਾ ਚਾਹਿਆ। ਘਰ ਦੇ ਹਾਲਾਤਾਂ ਨੇ ਉਹਦੀ ਇਹ ਖਾਹਿਸ਼ ਪੂਰੀ ਨਾ ਹੋਣ ਦਿੱਤੀ। ਉਹ ਭਾਵੇਂ ਆਪ ਪਹਿਲਵਾਨ ਨਾ ਬਣ ਸਕਿਆ ਪਰ ਪਹਿਲਵਾਨਾਂ ਤੇ ਖਿਡਾਰੀਆਂ ਨੂੰ ਸ਼ਾਬਾਸ਼ੇ ਦਿੰਦਾ ਰਹਿੰਦਾ। ਉਹਦਾ ਤਰਕ ਹੈ ਕਿ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰੋ। ਹਰ ਸਾਲ ਵਿਸ਼ਵਕਰਮਾ ਦਿਵਸ 'ਤੇ ਸਟੇਟ ਪੱਧਰ ਦਾ ਕਬੱਡੀ ਟੂਰਨਾਮੈਂਟ ਮੋਹਰੇ ਹੋ ਕੇ ਕਰਵਾਉਂਦਾ ਹੈ। ਇਲਾਕੇ ਵਿੱਚ ਹੋਣ ਵਾਲੇ ਹੋਰ ਕਬੱਡੀ ਟੂਰਨਾਮੈਂਟਾਂ ਵਿੱਚ ਵੀ ਉਹ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ। ਨੈਸ਼ਨਲ ਤੇ ਸਟੇਟ ਪੱਧਰ ਦੇ ਜੇਤੂ ਖਿਡਾਰੀਆਂ ਅਤੇ ਉਨ੍ਹਾਂ ਦੇ ਕੋਚਾਂ ਨੂੰ ਸਨਮਾਨਿਤ ਕਰਨਾ ਆਪਣਾ ਇਖ਼ਲਾਕੀ ਫਰਜ਼ ਸਮਝਦਾ ਹੈ।

ਉਹ ਇਲਾਕੇ ਵਿੱਚ ਇਕ ਚੰਗੇ ਬੁਲਾਰੇ ਤੇ ਮੰਚ ਸੰਚਾਲਕ ਵਜੋਂ ਜਾਣਿਆ ਜਾਂਦਾ ਹੈ। ਪਹਿਲਾਂ ਉਹਨੇ ਰੰਗਕਰਮੀ ਵਜੋਂ ਧਾਂਕ ਜਮਾਈ ਸੀ ਤੇ ਹੁਣ ਸਟੇਜ ਦਾ ਧਨੀ ਹੈ। ਖੇਡ ਮੇਲਾ ਹੋਵੇ ਤਾਂ ਉਹ ਕਮੈਂਟਰੀ ਦਿੰਦਾ ਹੋਏਗਾ। ਧਾਰਮਿਕ ਪ੍ਰੋਗਰਾਮ ਹੋਵੇ ਚਾਹੇ ਸੱਭਿਆਚਾਰਕ ਪ੍ਰੋਗਰਾਮ ਹੋਵੇ ਤੇ ਚਾਹੇ ਕੋਈ ਹੋਰ, ਮਾਈਕ ਉਹਦੇ ਹੱਥ ਹੋਵੇਗਾ। ਸੱਭਿਆਚਾਰਕ ਮੇਲਿਆਂ ਦੇ ਇੱਕ ਵਧੀਆ ਸਟੇਜ ਸਕੱਤਰ ਵਜੋਂ ਜਾਣਿਆ ਜਾਂਦਾ ਹੈ। ਉਹਦੀ ਆਵਾਜ਼ ਅਤੇ ਅਦਾਵਾਂ ਦਿਲ ਖਿੱਚਵੀਆਂ ਤੇ ਧਿਆਨ ਦਊ ਹੁੰਦੀਆਂ ਹਨ। ਉਹ ਉਨ੍ਹਾਂ ਨਾਲੋਂ ਵੱਖਰੀ ਤੇ ਕਮਾਲ ਦੀ ਮੰਚ ਸੰਚਾਲਨਾ ਕਰਦਾ ਹੈ। ਉਹਨੂੰ 500 ਤੋਂ ਉੱਤੇ ਪੰਜਾਬੀ ਦੇ ਸ਼ੇਅਰ ਯਾਦ ਹਨ। ਇਹ ਸ਼ੇਅਰ ਸੱਚੇ ਸੁੱਚੇ ਪਿਆਰ, ਪੰਜਾਬੀ ਵਿਰਸੇ, ਇਨਕਲਾਬੀ ਯੋਧਿਆਂ, ਪੰਜਾਬੀ ਗੱਭਰੂਆਂ ਤੇ ਮੁਟਿਆਰਾਂ ਦੇ ਹੁਸਨ ਬਾਰੇ ਹਨ।

ਉਸਦੀ ਪਤਨੀ ਸੁਖਵਿੰਦਰ ਕੌਰ, ਬੇਟੀ ਰਮਨਦੀਪ ਕੌਰ ਤੇ ਬੇਟਾ ਅਰਸ਼ਦੀਪ ਸਿੰਘ ਉਹਦੇ ਹਰ ਚੰਗੇ ਕੰਮ ਦੇ ਸਾਥੀ ਹਨ। ਉਸ ਨੂੰ ਹੱਲਾਸ਼ੇਰੀ ਦੇਣੀ, ਲੋਕ ਭਲਾਈ ਦੇ ਉਕਤ ਕੰਮਾਂ ਲਈ ਸਮਾਂ ਦੇਣਾ ਅਤੇ ਇਨ੍ਹਾਂ ਕੰਮਾਂ ਵਿੱਚ ਹੱਥ ਵਟਾਓਣਾ ਇਹ ਤਿੰਨੋਂ ਹੀ ਆਪਣਾ ਫ਼ਰਜ਼ ਸਮਝਦੇ ਹਨ। ਇਨ੍ਹਾਂ ਚੋਹਾਂ ਦਾ ਜੀਵਨ ਬੜਾ ਖੁਸ਼ਹਾਲ ਹੈ। ਇਨ੍ਹਾਂ ਦੀ ਦਸ਼ਾ ਵੀ ਚੰਗੀ ਹੈ ਤੇ ਲੋਕਾਂ ਨੂੰ ਦੇਣ ਲਈ ਉਸ ਕੋਲ ਦਿਸ਼ਾ ਵੀ ਹੈ। ਬਖਸ਼ੀਸ਼ ਸਿੰਘ ਸੈਂਭੀ ਦਾ ਸੱਭ ਤੋਂ ਵੱਡਾ ਗੁਣ ਦੋਸਤੀ ਨਿਭਾਉਣਾ ਹੈ। ਉਹ ਆਪਣੇ ਦੋਸਤਾਂ ਦਾ ਵਧੀਆ ਮਦਦਗਾਰ ਹੈ। ਹਰ ਮੁਸ਼ਕਲ ਵਿੱਚ ਉਨ੍ਹਾਂ ਨਾਲ ਖੜਨਾ ਆਪਣੀ ਡਿਊਟੀ ਸਮਝਦਾ ਹੈ। ਮਨੁੱਖਤਾ ਦੇ ਪਿਆਰ ਨਾਲ ਭਰੇ ਇਸ ਮਨੁੱਖ ਨੂੰ ਅਨੇਕਾਂ ਸੰਸਥਾਵਾਂ ਨੇ ਮਾਣ ਸਨਮਾਨ ਦਿੱਤੇ ਹਨ। ਇਹ ਹੀ ਉਸ ਦਾ ਸਰਮਾਇਆ ਹੈ। ਆਪਣੇ ਇਨ੍ਹਾਂ ਗੁਣਾਂ ਕਰਕੇ ਹੀ ਉਹਦੇ ਆਪਣਿਆਂ, ਦੋਸਤਾਂ ਮਿੱਤਰਾਂ ਨੇ ਉਹਨੂੰ ਇੰਗਲੈਂਡ, ਹਾਂਗਕਾਂਗ, ਸਿੰਘਾਪੁਰ, ਨੇਪਾਲ, ਚੀਨ ਅਤੇ ਮਲੇਸ਼ੀਆ ਵਰਗੇ ਮੁਲਕਾਂ ਦੀ ਸੈਰ ਕਰਵਾਈ ਹੋਈ ਹੈ। ਭਾਈ ਲਾਲੋਆਂ ਦੇ ਘਰ ਜੰਮੇ ਤੇ ਉਹਨਾਂ ਦੇ ਹੱਕਾਂ ਦੀ ਗੱਲ ਕਰਨ ਵਾਲੇ ਇਸ ਯੋਧੇ ਕੋਲੋਂ ਲੋਕਾਂ ਨੂੰ ਬਹੁਤ ਸਾਰੀਆਂ ਆਸਾਂ ਹਨ।